بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.04.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਅਪ੍ਰੈਲ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।**

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਅਹਮਦੀਅਤ ਰੱਬ ਦਾ ਲਾਇਆ ਹੋਇਆਂ ਪੌਦਾ ਹੈ ਜਿਸ ਨੇ ਰੱਬ ਦੇ ਵਾਦਿਆਂ ਅਨੁਸਾਰ ਫਲੱਣਾ ਫੁਲੱਣਾ ਤੇ ਵਧੱਣਾ ਹੈ, ਇੰਸ਼ਾਅਲੱਾਹ । ਫ਼ਿਰਕਾ ਬੰਦੀਆਂ ਦੀ ਥਾਂ ਇਕ ਉਮੱਤ ਬਣ ਕੇ ਮਸੀਹ ਮਊਦ ਅਲੈਹਿਸਲਾਮ ਦੇ ਹੱਥ ਉਪੱਰ ਇਕਤੱਰ ਹੋ ਜਾਓ । ਪਤਨ ਤੋਂ ਬਜਣ ਤੇ ਤਰੱਕੀ ਦੀਆਂ ਮੰਜ਼ਲਾਂ ਉਪੱਰ ਮੁੜ੍ਹ ਚਲੱਣ ਦਾ ਇਹੋ ਇਕ ਸਾਧਨ ਹੈ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਦਿਨ ਆਪਣੇ ਸਾਥੀਆਂ ਨਾਲ ਬਾਹਰ ਸੈਰ ਨੂੰ ਗਏ । ਮਾਰਗ ਵਿੱਚ ਰੱਬ ਦੀਆਂ ਮਿਹਰਾਂ ਅਤੇ ਸਹਾਇਤਾ ਦੀ ਚਰਚਾ ਹੋਈ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਰੱਬ ਸਚੱਾਈ ਨੂੰ ਚਮਕਾਉਣ ਅਤੇ ਸਾਡੀ ਜਮਾਤ ਦੇ ਪੱਖ ਵਿੱਚ ਬਹੁਤ ਅਧਿਕਤਾ ਨਾਲ ਜ਼ੋਰ ਦੇ ਰਿਹਾ ਹੈ, ਫਿਰ ਵੀ ਲੋਕਾਂ ਦੀਆਂ ਅੱਖੱਾਂ ਨਹੀਂ ਖੁਲਦੀਆਂ । ਆਪ ਨੇ ਫ਼ਰਮਾਇਆ ਕਿ ਇਕ ਵਾਰ ਇਕ ਵਿਰੋਧੀ ਨੇ ਮੈਂਨੂੰ ਪਤੱਰ ਲਿੱਖਿਆ ਕਿ ਆਪ ਦੀ ਵਿਰੋਧਤਾ ਵਿੱਚ ਲੋਕਾਂ ਨੇ ਕੋਈ ਕਮੀ ਨਹੀਂ ਕੀਤੀ ਪਰ ਇਕ ਗੱਲ ਦਾ ਉਤੱਰ ਸਾਨੂੰ ਨਹੀਂ ਆਉਂਦਾ ਕਿ ਐਨ੍ਹੀਂ ਵਿਰੋਧਤਾ ਹੁੰਦਿਆਂ ਹੋਇਆਂ ਵੀ ਆਪ ਹਰ ਗੱਲ ਵਿੱਚ ਸਫ਼ਲ ਹੁੰਦੇ ਜਾਂਦੇ ਹਨ ।

ਸੋ, ਇਹ ਰੱਬ ਦੇ ਵਾਦੇ ਸਨ ਆਪ ਜੀ ਨਾਲ, ਜਿਸ ਦੇ ਸਿੱਟੇ ਪ੍ਰਕਟ ਹੋਏ ਉਸ ਸਮੇਂ ਵੀ, ਸਗੋਂ ਉਸ ਸਮੇਂ ਤੱਕ ਹੀ ਨਹੀਂ ਅੱਜ ਤੱਕ ਵਿਰੋਧੀ ਆਪਣਾ ਜ਼ੋਰ ਲਾਉਂਦੇ ਜਾ ਰਹ ਹਨ । ਪਰ ਰੱਬ ਦੀ ਅਪਾਰ ਕ੍ਰਿਪਾ ਨਾਲ ਵੱਧਦਾ ਜਾ ਰਿਹਾ ਹੈ । ਜਿੱਥੇ ਕਿਤੇ ਵੀ ਦੁਨੀਆ ਦੇ ਕਿਸੇ ਵੀ ਭਾਗ ਵਿੱਚ ਵਿਰੋਧੀਆਂ ਨੇ ਅਹਮਦੀਆਂ ਨੂੰ ਦਬਾਉਣ ਜਾਂ ਖ਼ਤਮ ਕਰਨ ਦਾ ਜਤਨ ਕੀਤਾ ਤਾਂ ਰੱਬ ਨੇ ਉਹਨਾਂ ਦੇਸ਼ਾਂ ਵਿੱਚ ਜਿੱਥੇ ਅਹਮਦੀਆਂ ਦੀ ਕੁਰਬਾਨੀ ਦੇ ਮਿਆਰ ਵਧਾਏ ਓਥੇ ਦੁਨੀਆ ਦੇ ਹੋਰਨਾ ਦੇਸ਼ਾ ਵਿੱਚ ਆਪਣੇ ਆਪ ਹੀ ਅਜਿਹੇ ਮਾਰਗ ਜਮਾਤ ਦੀ ਤਰੱਕੀ ਲਈ ਖੋਲੇ ਕਿ ਜੇਕਰ ਅਸੀਂ ਕੇਵਲ ਆਪਣੇ ਜਤਨਾਂ ਰਾਹੀਂ ਖੋਲਣ ਦਾ ਜਤਨ ਕਰਦੇ ਤਾਂ ਕਦੇ ਵੀ ਸਫ਼ਲ ਨੇ ਹੋ ਸਕਦੇ । ਸੋ, ਇਸ ਵਿੱਚ ਕੋਈ ਸੰਦੇਹ ਨਹੀਂ ਕਿ ਅਹਮਦੀਅਤ ਰੱਬ ਦਾ ਲਾਇਆ ਹੋਇਆ ਪੋਦਾ ਹੈ ਜਿਸ ਨੇ ਰੱਬ ਦੇ ਵਾਦਿਆਂ ਅਨੁਸਾਰ ਫਲੱਣਾ ਫੁਲੱਣਾ ਤੇ ਵੱਧਣਾ ਹੈ, ਇੰਸ਼ਾਅਲੱਾਹ ।

ਇਸ ਸਮੇਂ ਮੈਂ ਰੱਬ ਦੀਆਂ ਮਿਹਰਾਂ ਦੀਆਂ ਜੋ ਗੱਲਾਂ ਹਨ ਇਸ ਜੁੱਗ ਵਿੱਚ ਕਿਵੇਂ ਰੱਬ ਮਿਹਰ ਕਰਦਾ ਹੈ, ਕਿਵੇਂ ਲੋਕਾਂ ਦੇ ਦਿਲਾਂ ਨੂੰ ਖੋਲਦਾ ਹੈ ਕਿਵੇਂ ਉਹਨਾਂ ਤੱਕ ਅਹਮਦੀਅਤ ਦਾ ਸੰਦੇਸ਼ ਪਹੁੰਚਦਾ ਹੈ ਇਸ ਦੀਆਂ ਕੁਝ ਘਟਨਾਵਾਂ ਪੇਸ਼ ਕਰਦਾ ਹਾਂ ।

ਸਾਡੇ ਨਾਈਜੀਰੀਆ ਦੇ ਪ੍ਰਚਾਰਕ ਲਿੱਖਦੇ ਹਨ ਕਿ ਇਕ ਪ੍ਰਚਾਰਕ ਦੌਰੇ ਸਮੇਂ ਇਕ ਕੱਚੇ ਮਾਰਗ ਉਪੱਰ ਪ੍ਰਚਾਰ ਕਰਦਿਆਂ ਹੋਇਆਂ ਜਾ ਰਹੇ ਸਨ ਤਿੰਨ ਦਿਨਾਂ ਮਗਰੋ ਇਸੇ ਮਾਰਗ ਰਾਹੀਂ ਵਾਪਸੀ ਸਮੇਂ ਇਕ ਥਾਂ ਕੁਝ ਲੋਕਾਂ ਨੇ ਸਾਨੂੰ ਰੋਕ ਲਿਆ ਅਤੇ ਕਿਹਾ ਕਿ ਰੱਬ ਨੇ ਸਾਡੀ ਤਸੱਲੀ ਕਰਾ ਦਿੱਤੀ ਹੈ ਇਸ ਲਈ ਹੁਣ ਸਾਨੂੰ ਜਮਾਤ ਦੀ ਸਚੱਾਈ ਉਪੱਰ ਕੋਈ ਸੰਦੇਹ ਨਹੀਂ ਹੈ । ਰੱਬ ਨੇ ਤਸੱਲੀ ਕਿਵੇਂ ਕਰਾਈ, ਇਸ ਦੀ ਗੱਲ ਉਹਨਾਂ ਨੇ ਇਉਂ ਸੁਣਾਈ ਕਿ ਏਥੋਂ ਜੱਦ ਅਸੀਂ ਲੰਘੇ ਸੀ, ਸਾਡੇ ਜਾਣ ਦੇ ਬਾਦ ਮਾਰਾਵੀ ਸ਼ਹਿਰ ਦੇ

ਵਹਾਬੀਆਂ ਦੇ ਵੱਡੇ ਇਮਾਮ ਸਾਹਬ ਆਪਣੇ ਜੱਥੇ ਨਾਲ ਏਥੇ ਆਏ ਅਤੇ ਇਹ ਕਹਿੰਦੇ ਰਹੇ ਕਿ ਅਹਮਦੀ ਤਾਂ ਕਾਫ਼ਰ ਹਨ ਅਤੇ ਤੁਸੀਂ ਲੋਕਾਂ ਨੇ ਕਾਫ਼ਰਾਂ ਨੂੰ ਆਪਣੀ ਮਸਜਿਦ ਵਿੱਚ ਵੜਨ ਦਿੱਤਾ ਅਤੇ ਪ੍ਰਚਾਰ ਦੀ ਆਗਿਆ ਦਿੱਤੀ, ਅਜਿਹਾ ਕਿਉਂ ਕੀਤਾ । ਜਿਸ'ਤੇ ਪਿੰਡ ਦੇ ਇਮਾਮ ਸਾਹਬ ਨੇ ਕਿਹਾ ਇਹੋ ਤਾਂ ਫ਼ਰਕ ਹੈ ਆਪ ਵਿੱਚ ਅਤੇ ਅਹਮਦੀਆਂ ਵਿੱਚ । ਆਪ ਜੱਦ ਤੋਂ ਏਥੇ ਆਏ ਹੋ ਆਪ ਨੇ ਕਾਫ਼ਰ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਕੀਤੀ ਅਤੇ ਉਹ ਜੱਦ ਤੱਕ ਏਥੇ ਰਹੇ ਅਰਥਾਤ ਅਹਮਦੀ ਉਹਨਾਂ ਨੇ ਕੁਰਆਨ ਕਰੀਮ ਤੇ ਹਦੀਸ ਤੋਂ ਬਿਨਾ ਹੋਰ ਕੋਈ ਗੱਲ ਕੀਤੀ ਹੀ ਨਹੀਂ । ਜੇਕਰ ਅਹਮਦੀਆਂ ਦੀ ਇਹੋ ਗੱਲ ਕੁਫ਼ਰ ਹੈ ਤਾਂ ਸਾਨੂੰ ਉਹਨਾਂ ਦਾ ਇਹ ਕੁਫ਼ਰ ਪਸੰਦ ਹੈ । ਓਥੇ ਬੈਅਤਾਂ ਹੋਈਆਂ ਅਤੇ ਰੱਬ ਦੀ ਮਿਹਰ ਨਾਲ ਇਕ ਵੱਡੀ ਜਮਾਤ ਕਾਇਮ ਹੋ ਗਈ ।

ਫਿਰ ਤੰਜ਼ਾਨੀਆ ਤੋਂ ਟਬੂਰਾ ਦੇ ਪ੍ਰਚਾਰਕ ਲਿੱਖਦੇ ਹਨ ਕਿ ਏਥੇ ਇਕ ਵੱਡੀ ਜਮਾਤ ਦੀ ਸਥਾਪਨਾ ਹੋਈ । ਇਹ ਜਮਾਤ ਟਬੂਰਾ ਸ਼ਹਿਰ ਤੋਂ ਪੈਂਤੀ ਕਿਲੋਮੀਟਰ ਦੀ ਦੂਰੀ ਉਪੱਰ ਸਿਥਿਤ ਹੈ । ਇਸ ਥਾਂ ਜਮਾਤ ਦੀ ਸਥਪਨਾ ਇਕ ਅਹਮਦੀ ਮਿੱਤਰ ਸੁਲੇਮਾਨ ਜੁਮੱਾ ਸਾਹਬ ਰਾਹੀ ਹੋਇਆ । ਇਹ ਪ੍ਰਚਾਰ ਲਈ ਓਥੇ ਜਾਂਦੇ ਸਨ ਅਤੇ ਪੰਫ਼ਲੈਟ ਵੰਡਿਆ ਕਰਦੇ ਸਨ ਫਿਰ ਇਸ'ਤੇ ਕੁਝ ਲੋਕਾਂ ਨੇ ਬੈਅਤ ਕਰ ਲਈ । ਇਸ ਦੇ ਬਾਦ ਮੁਅੱਲਿਮ ਸਿਲਸਿਲਾ ਨੇ ਵਾਰ ਵਾਰ ਤੇ ਨਿਰੰਤਰ ਦੌਰੇ ਕਰਕੇ ਪ੍ਰਚਾਰ ਕੀਤਾ ਜਿਸ'ਤੇ ਕੁਝ ਹੋਰ ਲੋਕਾਂ ਨੇ ਬੈਅਤ ਕਰ ਲਈ । ਰੱਬ ਦੀ ਮਿਹਰ ਨਾਲ ਓਥੇ ਹੁਣ ਗਿਣਤੀ ਵੱਧਦੀ ਜਾ ਰਹੀ ਹੈ । ਜਮਾਤ ਦੇ ਲੋਕ ਗ਼ਰੀਬ ਹਨ ਪਰ ਈਮਾਨ (ਆਸਥਾ) ਦੇ ਜਜ਼ਬੇ ਨਾਲ ਭਰਪੂਰ ਹਨ ਅਤੇ ਆਪਣੀ ਮਦਦ ਆਪ ਹੇਠ ਓਥੇ ਇਕ ਕੱਚੀ ਮਸਜਿਦ ਵੀ ਬਣਾ ਦਿੱਤੀ ਹੈ ਅਤੇ ਚੰਦੇ ਦੀ ਵਿਵਸਥਾ ਵਿੱਚ ਵੀ ਸਾਰੇ ਸ਼ਾਮਲ ਹਨ ।

ਇਸੇ ਪ੍ਰਕਾਰ ਮਾਲੀ ਦੇ ਅਮੀਰ ਸਾਹਬ ਲਿੱਖਦੇ ਹਨ ਕਿ ਤੇਜਾਨੀਆ ਫ਼ਿਰਕੇ ਦੇ ਇਕ ਵੱਡੇ ਇਮਾਮ ਆਦਮ ਤਨਕਾਰਾ ਸਾਹਬ ਨੇ ਬੈਅਤ ਕੀਤੀ । ਉਹਨਾ ਨੇ ਬੈਅਤ ਕਰਦਿਆਂ ਹੋਇਆਂ ਦੱਸਿਆ ਕਿ ਉਹ ਇਕੱ ਲੰਮੇ ਸਮੇਂ ਤੋਂ ਜਮਾਤ ਦੇ ਕੇਸਟਸ ਅਤੇ ਰੇਡੀਓ ਸੁਣ ਰਹੇ ਸਨ । ਮਾਲੀ ਵਿੱਚ ਰੱਬ ਦੀ ਮਿਹਰ ਨਾਲ ਸਾਡੇ ਕਈ ਦੇਡੀਓ ਸਟੇਸ਼ਨ ਹਨ । ਐਫ਼ ਐਮ ਰੇਡੀਓ ਸਟੇਸ਼ਨ ਹੈ ਅਤੇ ਉਹਨਾਂ ਦਾ ਪ੍ਰਸਾਰਣ ਘੇਰਾ ਸਤੱਰ ਅਸੀ ਮੀਲ ਤੱਕ ਹੈ, ਰੱਬ ਦੀ ਮਿਹਰ ਨਾਲ ਬਹੁਤ ਫ਼ੈਲਿਆ ਹੋਇਆ ਪੱਡੇ ਪਧੱਰ'ਤੇ ਪ੍ਰਚਾਰ ਹੁੰਦਾ ਹੈ । ਕਹਿੰਦੇ ਹਨ ਕਿ ਉਹਨਾਂ ਦੇ ਸਵਰਗੀ ਪਿਤਾ ਜੀ ਜੋ ਆਦਮ ਸਾਹਬ ਸਨ ਫਿਰਕਾ ਤੇਜਾਨੀਆ ਦੇ ਵੱਡੇ ਇਮਾਮ ਸਨ ਅਤੇ ਉਹਨਾ ਨੇ ਇਸ ਖੇਤਰ ਦੇ 93 ਮੁਸ਼ਰਿਕ ਪਿੰਡਾ ਨੂੰ ਮੁਸਲਮਾਨ ਕੀਤਾ ਸੀ । ਇਕ ਰਾਤ ਉਹਨਾਂ ਅਰਥਾਤ ਆਦਮ ਸਾਹਬ ਨੇ ਸੁਪਨੇ ਵਿੱਚ ਦੇਖਿਆ ਕਿ ਉਹਨਾਂ ਦੇ ਪਿਤਾ ਜੀ ਕਹਿੰਦੇ ਹਨ ਕਿ ਅਹਮਦੀਅਤ ਹੀ ਸਚੱਾ ਰਸਤਾ ਹੈ ਅਤੇ ਉਹ ਅਹਮਦੀਅਤ ਦੇ ਸੰਦੇਸ਼ ਨੂੰ ਫੈਲਾਉਣ ਲਈ ਬਹੁਤ ਅਧਿਕ ਜਤਨ ਕਰੇ ਅਰਥਾਤ ਉਹਨਾ ਦਾ ਪੁਤੱਰ । ਇਸ ਦੇ ਬਾਦ ਉਹ ਸਾਡੇ ਮੁਅੱਲਿਮ ਨੂੰ ਮਿਲੇ ਅਤੇ ਉਹਨਾ ਨਾਲ ਪ੍ਰਚਾਰ ਲਈ ਇਕ ਪਿੰਡ ਵਿੱਚ ਗਏ ਅਤੇ ਪਿੰਡ ਦੇ ਲੋਕਾਂ ਨੂੰ ਜੋ ਪਹਿਲਾਂ ਮੁਸ਼ਰਿਕ ਸਨ ਅਤੇ ਉਹਨਾਂ ਦੇ ਪਿਤਾ ਜੀ ਰਾਹੀਂ ਮੁਸਲਮਾਨ ਹੋਏ ਸਨ । ਸੋ, ਉਸ ਪਿੰਡ ਦੇ ਇਮਾਮ ਜਿੰਨ੍ਹਾ ਦੀ ਉਮਰ ਇਸ ਸਮੇਂ ਸਤਾਸੀ ਸਾਲ ਹੈ ਉਹ ਆਦਮ ਸਾਹਬ ਦੇ ਗੂੜ੍ਹੇ ਮਿੱਤਰ ਸਨ, ਉਸ ਰਾਤ ਉਹਨਾਂ ਨੂੰ ਪ੍ਰਚਾਰ ਕੀਤਾ ਅਤੇ ਰੱਬ ਦੀ ਮਿਹਰ ਨਾਲ ਤਿੰਨ ਹਜ਼ਾਰ ਚਾਰ ਸੌ ਬੈਅਤਾਂ ਹੋ ਗਈਆਂ ।

ਫਿਰ ਮਾਲੀ ਦੇ ਖੇਤਰ ਜੀਮਾ ਤੋਂ ਓਥੋਂ ਦੇ ਮੁਅੱਲਿਮ ਸਾਹਬ ਲਿੱਖਦੇ ਹਨ, ਇਕ ਦਿਨ ਸਾਡੇ ਖੇਤਰ ਦੇ ਇਕ ਅਹਮਦੀ ਅਬਦੁੱਸਲਾਮ ਤਰਾਵੜੇ ਸਾਹਬ ਆਪਣੇ ਨੇੜਲੇ ਪਿੰਡ ਵਿੱਚ ਗਏ ਤਾਂ ਓਥੇ ਰਹਿੰਦੇ ਪਿੰਡ ਵਾਸੀਆਂ ਨੇ ਉਹਨਾਂ ਨੂੰ ਕਿਹਾ ਕਿ ਕਿੰਨ੍ਹੇ ਚਿਰਾਂ ਤੋਂ ਏਥੇ ਵਰਖਾ ਨਹੀਂ ਹੋ ਰਹੀ ਹੈ ਜੇਕਰ ਆਪ ਦੀ ਜਮਾਤ ਸੱਚੀ ਹੈ ਤਾਂ ਆਪ ਦੁਆ ਕਰੋ ਕਿ ਵਰਖਾ ਹੋ ਜਾਵੇ । ਇਹ ਮੁਅੱਲਿਮ ਜੋ ਓਥੇ ਹੀ ਲੋਕਲ ਮਾਲੀ ਦੇ ਰਹਿਣ ਵਾਲੇ ਹਨ । ਉਹਨਾ ਨੇ ਦੁਆ ਕੀਤੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦਾ ਨਿਸ਼ਾਨ ਦਿਖਾ । ਅਤੇ ਕਹਿੰਦੇ ਹਨ ਕਿ ਇਸ ਦੁਆ ਦੇ ਬਾਦ ਓਥੇ ਬਦੱਲ ਇਕਤੱਰ ਹੋਣੇ ਸ਼ੁਰੂ ਹੋ ਗਏ ਅਤੇ ਐਨ੍ਹੀ ਵਰਖਾ ਹੋਈ ਕਿ ਹਰ ਪਾਸੇ ਪਾਣੀ ਇਕਤੱਰ ਹੋ ਗਿਆ । ਇਸ ਦੇ ਕੁਝ ਦੇਰ ਬਾਦ ਲੋਕ ਅਬਦੁਸੱਲਾਮ ਸਾਹਬ ਕੋਲ ਆਏ ਅਤੇ ਦੱਸਿਆ ਕਿ ਸਾਨੂੰ ਪਤਾ ਲੱਗ ਗਿਆ ਹੈ ਕਿ ਜਮਾਤ ਅਹਮਦੀਆ ਵਾਸਤਵ ਵਿੱਚ ਸੱਚੀ ਤੇ ਇਲਾਹੀ ਜਮਾਤ ਹੈ ਅਤੇ ਇਸ ਪ੍ਰਕਾਰ ਸਾਰਾ ਪਿੰਡ ਜਮਾਤ ਵਿੱਚ ਦਾਖ਼ਲ ਹੋ ਗਿਆ ।

ਸਾਡੇ ਗਾਨਾ ਦੇ ਮੁਬੱਲਗ਼ ਸਾਹਬ ਸਨ ਫ਼ੌਤ ਹੋ ਗਏ ਹਨ, ਉਹਨਾ ਨੇ ਆਪਣੀ ਇਕ ਘਟੱਣਾ ਲਿਖੀ ਹੈ ਕਿ ਇਕ ਥਾਂ ਸਾਡੇ ਦਾਈ ਇਲਲੱਾਹ ਅਬਦੁੱਲਾ ਸਾਹਬ ਨੂੰ ਓਥੋਂ ਦੇ ਨਿਵਾਸੀ ਲਾਂਬੁਵਾ ਥਾਂ ਦੇ ਲੋਕਾਂ ਨੇ ਪ੍ਰਚਾਰ ਸਮੇਂ ਵਰਖਾ ਲਈ ਦੁਆ ਕਰਨ ਲਈ

ਕਿਹਾ, ਜਿਸ'ਤੇ ਉਹਨਾਂ ਨੇ ਐਲਾਨ ਕੀਤਾ ਕਿ ਕਿਉਂਕਿ ਉਹ ਇਮਾਮ ਮਹਦੀ ਦੇ ਸੰਦੇਸ਼ ਨੂੰ ਫੈਲਾਉਣ ਲਈ ਪ੍ਰਚਾਰ ਕਰ ਰਹੇ ਹਨ ਇਸ ਲਈ ਉਹਨਾਂ ਦੀ ਦੁਆ ਪਰਵਾਨ ਹੋਵੇਗੀ ਅਤੇ ਰਾਤ ਨੂੰ ਵਰਖਾ ਹੋਵੇਗੀ । ਰੱਬ ਦੀ ਮਿਹਰ ਨਾਲ ਉਸੇ ਰਾਤ ਇਕ ਵਜੇ ਇਸ ਖੇਤਰ ਵਿੱਚ ਮੋਹਲੇਦਾਰ ਵਰਖਾ ਹੋਈ ਅਤੇ ਇਸ ਦੁਆ ਦੀ ਪਰਵਾਨਗੀ ਦੇ ਨਿਸ਼ਾਨ ਨੂੰ ਦੇਖਦਿਆਂ ਹੋਇਆਂ ਇਸ ਖੇਤਰ ਦੀ ਇਕ ਵੱਡੀ ਗਿਣਤੀ ਨੂੰ ਅਹਮਦੀਅਤ ਕਬੂਲ ਕਰਨ ਦਾ ਸੰਜੋਗ ਪ੍ਰਾਪਤ ਹੋਇਆ ।

ਫਿਰ ਆਇਵਰੀਕੋਸਟ ਦੇ ਅਮੀਰ ਸਾਹਬ ਲਿਖਦੇ ਹਨ ਕਿ ਇਕ ਨਵੀਂ ਅਹਮਦੀ ਹੋਈ ਫ਼ਾਤਿਮਾ ਸਾਹਿਬਾ ਲਿਖੱਦੀ ਹਨ ਕਿ ਅਹਮਦੀਅਤ ਪਰਵਾਨ ਕਰਨ ਦੇ ਬਾਦ ਉਹਨਾਂ ਨੂੰ ਵਾਸਤਵਿਕ ਸ਼ਾਂਤੀ ਅਤੇ ਰਾਹਤ ਨਸੀਬ ਹੋਈ ਹੈ । ਅਹਮਦੀਅਤ ਨੇ ਉਹਨਾਂ ਨੂੰ ਵਾਸਤਵਿਕ ਇਸਲਾਮ ਤੋਂ ਜਾਣੂ ਕਰਵਾਇਆ ਹੈ ਅਤੇ ਉਹਨਾਂ ਨੇ ਕਿਹਾ ਕਿ ਮੈਂ ਪ੍ਰਣ ਕਰਦੀ ਹਾਂ ਕਿ ਮਰਦੇ ਦਮ ਤੱਕ ਅਹਮਦੀਅਤ ਉਪੱਰ ਕਾਇਮ ਰਹਾਂਗੀ । ਆਇਵਰੀਕੋਸਟ ਦੇ ਹੀ ਇਕ ਨਵੇਂ ਅਹਮਦੀ ਤੂਰੇ ਅਲਵਲੀ ਸਾਹਬ ਲਿਖਦੇ ਹਨ ਕਿ ਬੈਅਤ ਕਰਨ ਦੇ ਬਾਦ ਉਹਨਾਂ ਦੀ ਆਤਮਕਤਾ ਵਿੱਚ ਤਰੱਕੀ ਹੋਈ ਹੈ ਨਮਾਜ਼ਾਂ ਵਿੱਚ ਆਨੰਦ ਤੇ ਸਰੂਰ ਆਉਣ ਲੱਗਾ ਹੈ । ਅਮਲੀ (ਕਰਮ ਰੂਪੀ) ਅਵਸਥਾ ਵੀ ਬਿਹਤਰ ਹੋਈ ਹੈ ਅਤੇ ਅਹਮਦੀਅਤ ਅਰਥਾਤ ਵਾਸਤਵਿਕ ਇਸਲਾਮ ਉਪੱਰ ਅਮਲ ਕਰਨਾ ਸੌਖਾ ਹੋ ਗਿਆ ਹੈ ਅਤੇ ਕਹਿੰਦੇ ਹਨ ਕਿ ਇਸ ਤੋਂ ਬਿਨਾਂ ਅਹਮਦੀਅਤ ਦੇ ਗਿਆਨ ਤੇ ਕਲਾਮ ਰਾਹੀਂ ਇਲਾਹੀ ਇਰਫ਼ਾਨ (ਬੋਧ) ਵਿੱਚ ਵੀ ਵਾਧਾ ਹੋ ਰਿਹਾ ਹੈ ।

ਫਿਰ ਮੁਬਲੱਗ਼ ਇੰਚਾਰਜ ਗਿੱਨੀ ਕਿਨਾਕੀਰੀ ਲਿੱਖਦੇ ਹਨ ਕਿ ਇਕ ਸਜੱਣ ਸਿਲਾ ਸਾਹਬ ਇਸ ਉਦੇਸ਼ ਨਾਲ ਮਿਸ਼ਨ ਹਾਉਸ ਆਏ ਕਿ ਆਪਣੇ ਪਿੰਡ ਵਿਚ ਮਸਜਿਦ ਬਨਾਉਣ ਲਈ ਜਮਾਤ ਅਹਮਦੀਆ ਦੀ ਮਦਦ ਲਈ ਜਾਵੇ । ਉਹ ਕਹਿੰਦੇ ਹਨ ਕਿ ਮੈਂ ਉਹਨਾਂ ਨੂੰ ਜਮਾਤ ਦੀ ਜਾਣਕਾਰੀ ਦਿੱਤੀ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਬਾਰੇ ਦੱਸਿਆ, ਇਕ ਲੰਮੀ ਬੈਠਕ ਦੇ ਬਾਦ ਇਹ ਇੰਨ੍ਹੇ ਖ਼ੁੱਸ਼ ਸਨ ਕਿ ਕਹਿਣ ਲੱਗੇ ਆਪ ਨੇ ਤਾਂ ਮੇਰੀਆਂ ਅਖੱਾਂ ਖੋਲ ਦਿੱਤੀਆਂ ਹਨ ਅਤੇ ਕਹਿਣ ਲੱਗੇ ਕਿ ਮੇਰੀ ਇਛੱਾ ਹੈ ਕਿ ਆਪ ਮੇਰੇ ਪਿੰਡ ਚੱਲੋ ਤਾਂ ਜੋ ਇਹ ਸੰਦੇਸ਼ ਸਾਰਿਆਂ ਲੋਕਾਂ ਤੱਕ ਨਹੁੰਚ ਜਾਵੇ । ਸੋ, ਪ੍ਰਗਰਾਮ ਮਿੱਥ ਕੇ ਉਹਨਾਂ ਦੇ ਪਿੰਡ ਗਏ । ਰੱਬ ਦੀ ਅਪਾਰ ਕ੍ਰਿਪਾ ਨਾਲ ਸਾਰਾ ਪਿੰਡ ਅਤੇ ਆਲੇ ਦੁਆਲੇ ਦੇ ਲਗਭਗ ਪੰਜ ਪਿੰਡ ਬੈਅਤ ਕਰਕੇ ਅਹਮਦੀਅਤ ਵਿੱਚ ਦਾਖ਼ਲ ਹੋ ਗਏ । ਕਾਂਗੋ ਦੇ ਇਕ ਈਸਾਈ ਪਾਦਰੀ ਨੇ ਅਹਮਦੀਅਤ ਕਬੂਲ ਕੀਤੀ ਅਤੇ ਉਹਨਾ ਵਿੱਚ ਇਕ ਨਵੀਨ ਤਬਦੀਲੀ ਆਈ ਉਹ ਕਹਿਣ ਲੱਗੇ ਕਿ ਮੈਂ ਕਈ ਵਰ੍ਹਿਆਂ ਤੋਂ ਪਾਦਰੀ ਦਾ ਕੰਮ ਕੀਤਾ ਹੈ ਅਤੇ ਲੋਕਾਂ ਨੂੰ ਧਾਰਮਕ ਸਿੱਖਿਆ ਦਿੱਤੀ ਹੈ ਪਰ ਜੋ ਮਨ ਨੂੰ ਤਸੱਲੀ ਤੇ ਸ਼ਾਂਤੀ ਅਤੇ ਰੱਬ ਦੀ ਨੇੜਤਾ ਪ੍ਰਾਪਤ ਕਰਨ ਦਾ ਅਨੁਭਵ ਅਹਮਦੀਅਤ ਵਿੱਚ ਹੋਇਆ ਹੈ ਇਸ ਤੋ ਪਹਿਲਾਂ ਕਦੇ ਨਹੀਂ ਹੋਇਆ ਸੀ । ਹੁਣ ਅਹਮਦੀਆਤ ਹੀ ਮੇਰਾ ਸਭ ਕੁਝ ਹੈ ।

ਅਲਜਜ਼ਾਇਰ ਦੇ ਇਕ ਮਿਤੱਰ ਆਪਣੇ ਪਰਿਵਾਰ ਸਣੇ ਜਮਾਤ ਵਿੱਚ ਦਾਖ਼ਲ ਹੋਣ ਬਾਰੇ ਲਿੱਖਦੇ ਹਨ ਕਿ ਉਹਨਾਂ ਦੀ ਮਾਤਾ ਨੇ ਸੁਪਨੇ ਵਿੱਚ ਦੇਖਿਆ ਕਿ ਇਕ ਸ਼ੇਖ਼ ਉਹਨਾਂ ਦੇ ਘਰ ਆਏ ਹਨ ਅਤੇ ਉਹਨਾਂ ਦੇ ਬੱਚਿਆਂ ਨੂੰ ਇਸਲਾਮ ਦੀ ਨੇਕ ਸਿੱਖਿਆ ਦੇ ਰਹੇ ਹਨ ਜਿਸ ਨਾਲ ਉਹਨਾਂ ਦੇ ਘਰ ਵਿੱਚ ਵਿੱਚ ਬਹੁਤ ਨੇਕ ਪ੍ਰਭਾਵ ਪਿਆ ਹੈ ਅਤੇ ਘਰ ਵਿਚ ਉਸ ਮਨੁੱਖ ਦੀ ਬਹੁਤ ਆਸਥਾ ਪੈਦਾ ਹੋ ਗਈ ਹੈ । ਉਹਨਾਂ ਦੀ ਮਾਤਾ ਜੀ ਲਿੱਖਦੀ ਹਨ ਕਿ ਇਕ ਦਿਨ ਉਹਨਾਂ ਦੀ ਬੇਟੀ ਟੀ ਵੀ ਦੇਖ ਰਹੀ ਸੀ ਅਤੇ ਵੱਖ ਵੱਖ ਸਟੇਸ਼ੰਜ਼ ਬਦਲ ਰਹੀ ਸੀ ਕਿ ਅਚਨਚੇਤ ਐਮ.ਟੀ.ਵੀ. ਉਪੱਰ ਜਾਕੇ ਰੁੱਕ ਗਈ । ਉਸ ਸਮੇਂ ਓਥੇ ਮੇਰਾ ਫ਼ੋਟੋ ਐਮ ਟੀ ਏ ਉਪੱਰ ਆ ਰਹਾ ਸੀ, ਉਹ ਫ਼ੋਟੋ ਦੇਖ ਕੇ ਖ਼ੁਸ਼ੀ ਨਾਲ ਉਛੱਲੀ ਤੇ ਕਹਿਣ ਲੱਗੀ ਇਹ ਉਹੋ ਮਨੁੱਖ ਹੈ ਜਿਸ ਨੂੰ ਮੈਂ ਸੁਪਨੇ ਵਿੱਚ ਦੇਖਿਆ । ਇਸ ਦੇ ਬਾਦ ਉਹਨਾਂ ਨੇ ਨਿਰੰਤਰ ਐਮ ਟੀ ਏ ਦੇਖਣਾ ਅਰੰਭ ਕਰ ਦਿੱਤਾ ਜਿਸ ਤੋਂ ਉਹਨਾਂ ਨੂੰ ਮਲੂਮ ਹੋਇਆ ਕਿ ਇਮਾਮ ਮਹਦੀ ਜਿਸ ਦੀ ਉਡੀਕ ਦੁਨੀਆ ਕਰ ਰਹੀ ਹੈ, ਉਹ ਆ ਚੁਕੇ ਹਨ ਅਤੇ ਇਸ ਪ੍ਰਕਾਰ ਉਹਨਾਂ ਨੇ ਨਵੰਬਰ 2013 ਈ. ਵਿੱਚ ਬੈਅਤ ਕੀਤੀ ਅਤੇ ਜਮਾਤ ਅਹਮਦੀਆ ਵਿੱਚ ਦਾਖ਼ਲ ਹੋ ਗਏ ।

ਫਿਰ ਮੁਬੱਲਿਗ਼ ਇੰਚਾਰਜ ਗਿੱਨੀ ਕਿਨਾਕਿਰੀ ਲਿਖੱਦੇ ਹਨ ਕਿ ਕਿਨਾਕਿਰੀ ਕੈਪੀਟਲ ਤੋਂ ਦੋ ਸੌ ਕਿਲੋਮੀਟਰ ਦੂਰ ਸੋਮਿਓ ਯਾਵੀ ਇਕ ਬਹੁਤ ਵੱਡਾ ਪਿੰਡ ਹੈ । ਰੱਬ ਦੀ ਮਿਹਰ ਨਾਲ ਇਸ ਵਰ੍ਹੇ ਨਿਰੰਤਰ ਰਾਬਤੇ ਦੇ ਪਰਿਣਾਮ ਵੱਜੋਂ ਸਾਰਾ ਪਿੰਡ ਅਤੇ ਕੁਝ ਹੋਰ ਪਿੰਡ ਵੀ ਅਹਮਦੀ ਹੋ ਗਏ । ਕਹਿੰਦੇ ਹਨ ਕਿ ਐਨ੍ਹੀ ਵੱਡੀ ਗਿਣਤੀ ਨੂੰ ਸਾਹਮਣੇ ਰੱਖਦਿਆਂ ਹੋਇਆਂ ਸਾਡਾ ਵਿਚਾਰ ਸੀ ਕਿ ਏਥੇ ਰੇਗੁਲਰ ਜਮਾਤ ਦੀ ਸਥਾਪਨਾ ਕੀਤੀ ਜਾਵੇ । ਅਸੀਂ ਜਮਾਤੀ ਵਿਵਸਥਾ ਦੀ ਸਥਾਪਨਾ ਲਈ ਓਥੇ ਪਹੁੰਚੇ ਤਾਂ ਜਮਾਤ ਦੇ ਲੋਕ

ਪਹਿਲਾਂ ਹੀ ਸਾਡੀ ਉਡੀਕ ਵਿੱਚ ਸਨ ਜਿੰਨ੍ਹਾ ਵਿੱਚ ਓਥੇਂ ਦੀ ਜਾਮਾ ਮਸਜਿਦ ਦੇ ਇਮਾਮ ਵੀ ਸਨ ਜੋ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋ ਚੁਕੇ ਸਨ । ਜੱਦ ਅਸੀਂ ਉਹਨਾ ਨੂੰ ਦੱਸਿਆ ਕਿ ਅਸੀਂ ਇੱਥੇ ਰੈਗੁਲਰ ਜਮਾਤ ਦੀ ਸਥਾਪਨਾ ਕਰਨਾ ਚਾਹੁੰਦੇ ਹਾਂ ਤਾਂ ਪਿੰਡ ਦੇ ਚੀਫ਼ ਨੇ ਕਿਹਾ ਸਾਡਾ ਮਾਲ ਅਸਬਾਬ ਸਭ ਕੁਝ ਹਾਜ਼ਰ ਹੈ ਅਤੇ ਇਹ ਵੱਡੀ ਮਸਜਿਦ ਤੁਹਾਡੀ ਹੈ ਸਗੋਂ ਸਾਰਾ ਪਿੰਡ ਤੁਹਾਡਾ ਹੈ ਅਤੇ ਕਹਿਣ ਲੱਗੇ ਅਸੀਂ ਤਾਂ ਐਨ੍ਹੇ ਖ਼ੁੱਸ਼ ਹਾਂ ਕਿ ਕਿ ਅਹਮਦੀਅਤ ਅਰਥਾਤ ਵਾਸਤਵਿਕ ਇਸਲਾਮ ਨੂੰ ਕੁਬਲੂ ਕਰਕੇ ਅਸੀਂ ਆਪਣੇ ਜੀਵਨ ਵਿੱਚ ਇਸ ਨੇਮਤ ਨੂੰ ਪ੍ਰਾਪਤ ਕਰ ਲਿਆ ਹੈ ਜੋ ਅਤਿਅੰਤ ਬਹੁਮੁੱਲ ਹੈ ਅਤੇ ਹੁਣ ਸਾਡੀਆਂ ਅੱਖਾਂ ਖੁੱਲੀਆਂ ਹਨ ਅਤੇ ਸਾਨੂੰ ਹਕੀਕੀ ਇਸਲਾਮ ਦਾ ਚਿਹਰਾ ਦਿਖਾਈ ਦਿੱਤਾ ਹੈ ।

ਇਟਲੀ ਦੇ ਸਾਡੇ ਹਾਫ਼ਿਜ਼ ਮੁਹਮੱਦ ਹਨ । ਉਹਨਾਂ ਨੇ ਕਬਾਬੀਰ ਤੋਂ ਲਾਈਵ ਪ੍ਰਸਾਰਣ ਹੋਣ ਵਾਲੇ ਪ੍ਰੋਗਰਾਮ ਜੋ ਐਮ ਟੀ ਏ ਉਪੱਰ ਹੁੰਦਾ ਹੈ, ਕਹਿਣ ਲੱਗੇ ਕਿ ਮੈਂ ਕੁਝ ਸਮੇਂ ਲਗਭਗ ਛੇ ਮਹੀਨਿ ਤੋਂ ਆਪਣੇ ਮਨ ਵਿੱਚ ਇਸ ਪ੍ਰੋਗ਼ਗਰਾਮ ਨੂੰ ਦੇਖਕੇ ਬੈਅਤ ਕਰਕੇ ਅਹਮਦੀ ਹੋ ਚੁੱਕਾ ਹਾਂ । ਰੱਬ ਇਸ'ਤੇ ਗਵਾਹ ਹੈ ਪਰ ਹੁਣ ਤੱਕ ਫ਼ਾਰਮ ਭਰਕੇ ਨਹੀਂ ਭੇਜ ਸਕਿਆ, ਮੈਂ ਇਕੱਲਾ ਰਹਿੰਦਾ ਹਾਂ, ਮੇਰੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਕਿ ਮੈਂ ਸਚੱਾਈ ਨੂੰ ਪਛਾਣ ਲਿਆ ਹੈ । ਇਮਾਮ ਮਹਦੀ ਦੀ ਸਚੱਾਈ ਲਈ ਮੈਂ ਆਪਣੇ ਆਪ ਵਿੱਚ ਇਕ ਪ੍ਰਮਾਣ ਹਾਂ, ਉਹ ਇਸ ਪ੍ਰਕਾਰ ਕਿ 2008 ਈ. ਵਿੱਚ ਮੈਂ ਪਹਿਲੀ ਵਾਰ ਅਚਨਚੇਤ ਐਮ ਟੀ ਏ ਦੇਖਿਆ ਜਿਸ ਵਿੱਚ ਨਾਸਿਖ਼ ਵ ਮਨਸੂਖ਼ (ਰੱਦ ਪ੍ਰਤੀ ਰੱਦ) ਬਾਰੇ ਚਰਚਾ ਹੋ ਰਹੀ ਸੀ । ਉਸ ਸਮੇਂ ਮੈਂਨੂੰ ਆਪ ਲੋਕਾਂ ਬਾਰੇ ਜਾਂ ਇਮਾਮ ਮਹਦੀ ਅਲੈਹਿ ਸਲਾਮ ਬਾਰੇ ਕੁਝ ਵੀ ਗਿਆਨ ਨਹੀਂ ਸੀ । ਪ੍ਰੋਗਰਾਮ ਚੰਗਾ ਲੱਗਾ ਅਤੇ ਦੇਖਦਾ ਚਲਾ ਗਿਆ । ਇਸ ਤੋਂ ਬਾਦ ਜਿੰਨਾਂ (ਭੂਤ ਪ੍ਰੇਤਾਂ) ਦੀ ਵਾਸਤਵਿਕਤਾ ਦੇ ਸਿਰਲੇਖ ਹੇਠ 'ਅਲਹਵਾਰੁਲ ਮੁਬਾਸ਼ਿਰ' ਪ੍ਰੋਗ੍ਰਾਮ ਦੇਖਿਆ । ਇਸ ਪ੍ਰੋਗਰਾਮ ਰਾਹੀਂ ਮੈਂ ਇਸ ਜਮਾਤ ਦੀ ਸਚੱਾਈ ਉਪੱਰ ਸਵੀਕ੍ਰਿਤੀ ਦੇ ਦਿੱਤੀ ਅਤੇ ਫਿਰ ਇਹ ਸਿਲਸਿਲਾ ਚਲਦਾ ਰਿਹਾ ਅਤੇ ਇਸ ਦੇ ਬਾਦ ਉਹਨਾ ਨੇ 2013 ਈ ਵਿੱਚ ਛੇ ਮਹੀਨਿ ਪਹਿਲਾਂ 2013 ਈ ਵਿੱਚ ਹਜ਼ਰਤ ਮਸੀਹ ਦੀ ਸਲੀਬੀ ਮੌਤ ਤੋਂ ਰਿਹਾਈ ਅਤੇ ਉਹਨਾਂ ਦੀ ਮੌਤ ਉਪੱਰ ਪ੍ਰੋਗਰਾਮ ਦੇਖ ਕੇ ਐਨ੍ਹੀ ਤਸੱਲੀ ਹੋਈ ਕਿ ਬੈਅਤ ਕੀਤੇ ਬਿਨਾ ਰਹਿ ਨਹੀਂ ਸਕਿਆ ਅਤੇ ਹੁਣ ਇਸ ਪ੍ਰੋਗ੍ਰਾਮ ਰਾਹੀਂ ਆਪਣੀ ਬੈਅਤ ਦਾ ਐਲਾਨ ਕਰਦਾ ਹਾਂ ।

ਫਿਰ ਅਲਜਜ਼ਾਇਰ ਤੋਂ ਅਬਦੁਲ ਹਕੀਮ ਸਾਹਬ ਕਹਿੰਦੇ ਹਨ ਕਿ ਮੈਂ ਨੱਵੇ ਦੀ ਦਹਾਈ ਵਿੱਚ ਸਿਵਲ ਡਿਫ਼ੈਂਸ ਇਸਕਵਾਡ ਵਿੱਚ ਸ਼ਾਮਲ ਹੋਇਆ ਕਿਉਂਕਿ ਦੇਸ਼ ਵਿੱਚ ਧਾਰਮਕ ਜਮਾਤਾਂ ਇਸਲਾਮ ਦੇ ਨਾਂ 'ਤੇ ਦੇਸ਼ ਵਿੱਚ ਦਹਿਸ਼ਤ ਗਰਦੀ ਫੈਲਾ ਰਹੀ ਸਨ ਅਤੇ ਲੋਕਾਂ ਨੂੰ ਮਾਰ ਕੇ ਲੁੱਟ ਘੁਸੁਟ ਕਰ ਰਹੀਆਂ ਸਨ । ਇਹੋ ਹਾਲ ਹੈ ਸਾਰੀਆਂ ਦਹਿਸ਼ਤ ਗਰਦ ਤਨਜ਼ੀਮਾਂ ਦਾ ਜੋ ਇਸਲਾਮ ਦੇ ਨਾਂ 'ਤੇ ਕੰਮ ਕਰ ਰਹੀਆਂ ਹਨ । ਕਹਿੰਦੇ ਹਨ ਮੇਰੇ ਇਕ ਪੁਰਾਣੇ ਮਿਤੱਰ ਅਬੱਾਸ ਸਾਹਬ ਜੋ ਇਸ ਸਮੇਂ ਅਹਮਦੀ ਹੋ ਚੁਕੇ ਸਨ ਪਰ ਮੈਂਨੂੰ ਪਤਾ ਨਹੀਂ ਸੀ । ਉਹ ਇਕ ਵਾਰ ਮੈਂਨੂੰ ਮਿਲੇ ਅਤੇ ਵੱਖ ਵੱਖ ਵਿਸ਼ਿਆਂ ਉਪੱਰ ਗੱਲਾਂ ਹੋਈਆਂ । ਉਹਨਾਂ ਨੇ ਕੁਰਆਨ ਕਰੀਮ ਦੀ ਅਜਿਹੀ ਵਿਆਖਿਆ ਪੇਸ਼ ਕੀਤੀ ਜੋ ਪਹਿਲਾਂ ਕਦੇ ਕਿਸੇ ਤੋਂ ਨ ਸੁਣੀ ਸੀ ਅਤੇ ਐਨ ਅਕਲ ਅਨੁਸਾਰ ਸੀ ਮਨ ਉਸ ਨੂੰ ਸੁਣ ਕੇ ਸ਼ਾਂਤ ਹੋਇਆ । ਸੋ, ਮੈਂ ਉਸੇ ਸਮੇਂ ਬੈਅਤ ਫ਼ਾਰਮ ਭਰ ਲਿਆ ਅਤੇ ਇਸ ਪਿਆਰੀ ਜਮਾਤ ਵਿੱਚ ਦਾਖ਼ਲ ਹੋ ਗਿਆ । ਇਸ ਦੇ ਕੁਝ ਦਿਨਾ ਬਾਦ ਕਹਿੰਦੇ ਹਨ ਕਿ ਮੈਂ ਸੁਪਨੇ ਵਿੱਚ ਦੇਖਿਆ ਕਿ ਮੈਂ ਇਕ ਹਨ੍ਹੇਰੇ ਮੈਦਾਨ ਵਿੱਚ ਰਾਤ ਨੂੰ ਚੱਲ ਰਿਹਾ ਹਾਂ । ਫਿਰ ਇਕ ਬਜ਼ੁਰਗ ਦਿਖਾਈ ਦਿੰਦੇ ਹਨ ਜੋ ਮੇਰਾ ਹੱਥ ਫੜ੍ਹ ਕੇ ਚੱਲ ਪੈਂਦੇ ਹਨ, ਅਸੀਂ ਸਮੁੰਦਰ ਦੇ ਕੰਢੇ ਪਹੁੰਚਦੇ ਹਾਂ, ਉੱਥੇ ਇਕ ਬੇੜੀ ਹੁੰਦੀ ਹੈ ਜਿਸ ਕੋਲ ਇਕ ਹੋਰ ਸਾਹਬ ਖੜੇ ਦਿਖਾਈ ਦਿੰਦੇ ਹਨ ਜੋ ਇਉਂ ਲਗੱਦਾ ਹੈ ਕਿ ਸਾਡੀ ਹੀ ਉਡੀਕ ਕਰ ਰਹੇ ਹੁੰਦੇ ਹਨ । ਅਸੀਂ ਤਿੰਨੇ ਉਸ ਵਿੱਚ ਸਵਾਰ ਹੋ ਜਾਂਦੇ ਹਨ, ਮੈਂ ਮਨ ਵਿੱਚ ਸੋਚਦਾ ਹਾਂ ਕਿ ਇਹ ਕੌਣ ਲੋਕ ਹਨ ਤਾਂ ਜੋ ਬਜ਼ੁਰਗ ਮੈਂਨੂੰ ਆਪਣੇ ਨਾਲ ਲਿਆਏ ਸਨ ਉਹਨਾਂ ਨੇ ਕਿਹਾ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਹਾਂ ਅਤੇ ਇਹ ਇਮਾਮ ਮਹਦੀ ਅਤੇ ਮਸੀਹ ਮਉਦ ਮਿਰਜ਼ਾ ਗ਼ੁਲਾਮ ਅਹਮਦ ਅਲੈਹਿ ਸਲਾਮ ਹਨ । ਇਸ ਦੇ ਬਾਦ ਇਹ ਬੇੜੀ ਚਲਦਿਆਂ ਚਲਦਿਆਂ ਇਕ ਬਹਿਰੀ ਜਹਾਜ਼ ਕੋਲ ਪਹੁੰਚ ਜਾਂਦੀ ਹੈ ਤਾਂ ਉਹ ਦੋਵੇਂ ਮੈਂਨੂੰ ਫ਼ਰਮਾਉਂਦੇ ਹਨ ਕਿ ਇਸ ਜਹਾਜ਼ ਵਿੱਚ ਸਵਾਰ ਹੋ ਜਾਓ ਅਤੇ ਇਸ ਜਹਾਜ਼ ਦੇ ਸਵਾਰਾਂ ਨਾਲ ਜਾ ਮਿਲੋ ਉਹ ਤੁਹਾਡੇ ਵਾਸਤਵਿਕ ਪਰਵਾਰਕ ਹਨ ।

ਫਿਰ ਹਜ਼ਰਤ ਮਸੀਹ ਮਉਦ ਅਲੈਹਿ ਸਲਾਮ ਦਾ ਕਲਾਮ ਵੀ ਕਿਵੇਂ ਲੋਕਾਂ ਦੇ ਮਨਾਂ ਉਪੱਰ ਪ੍ਰਭਾਵ ਪਾਉਂਦਾ ਹੈ । ਅਬਦੁਲ ਅਜ਼ੀਜ਼ ਸਾਹਬ ਮਰਾਕਸ਼ ਦੇ ਹਨ ਕਹਿੰਦੇ ਹਨ ਕਿ ਮੈਂ ਇਤਿਹਾਸ ਤੇ ਭੁਗੋਲ ਦਾ ਟੀਚਰ ਹਾਂ ਰੱਬ ਨੇ ਬੜੀਆਂ ਨੇਮਤਾਂ ਤੋਂ ਨਿਵਾਜਿਆ

ਹੋਇਆ ਹੈ, ਮੇਰੀ ਤਰੱਕੀ ਵੀ ਹੋ ਗਈ ਹੈ, ਆਪਣਾ ਘਰ ਵੀ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਮੈਂ ਨਫ਼ਸ ਦੇ ਧੋਖਿਆਂ ਵਿੱਚ ਪਿਆ ਰਿਹਾ ਅਤੇ ਗੁਨਾਹਾਂ ਵਿੱਚ ਘਿਰਦਾ ਗਿਆ । ਫਿਰ ਰੱਬ ਨੇ ਮੈਨੂੰ ਬੈਅਤ ਕਰਨ ਦਾ ਸੰਜੋਗ ਬਖ਼ਸ਼ਿਆ ਅਤੇ ਮੈਂ ਹਜ਼ਰਤ ਅਕਦਸ ਮਸੀਹ ਮਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਲੱਗਾ ਤਾਂ ਅਨੁਭਵ ਹੋਇਆ ਕਿ ਮੇਰੇ ਜ਼ਖ਼ਮਾਂ ਦੀ ਮਰਹਮ ਅਤੇ ਮੇਰੀ ਆਤਮਾ ਦਾ ਇਲਾਜ ਹਨ ਅਤੇ ਮੈਨੂੰ ਆਪਣੇ ਨਫ਼ਸ ਦੀ ਪੜਤਾਲ ਦੀ ਚਿੰਤਾ ਹੋਈ ਅਤੇ ਹਜ਼ੂਰ ਅਨਵਰ ਦੀ ਸੇਵਾ ਵਿੱਚ ਇਸ ਉਦੇਸ਼ ਨਾਲ ਬਿਨਤੀ ਕਰਨ ਦਾ ਹੌਂਸਲਾ ਜਾਗਿਆ ਕਿ ਰੱਬ ਮੈਨੂੰ ਸੱਚਿਆਂ ਵਿੱਚ ਲਿੱਖ ਲਏ । ਫਿਰ ਜਾਪਾਨ ਤੋਂ ਸਾਡੇ ਸਦਰ ਜਮਾਤ ਲਿੱਖਦੇ ਹਨ ਕਿ ਅਲੱਾਹ ਤਆਲਾ ਜਮਾਤ ਵਿੱਚ ਜੋ ਸ਼ਹੀਦੀਆਂ ਪਾਉਂਦੇ ਹਨ ਉਸ ਦੇ ਬਦਲੇ ਵਿੱਚ ਕਿਵੇਂ ਸਹਾਇਤਾ ਤੇ ਪੱਖ ਪੂਰਦਾ ਹੈ, ਕਹਿੰਦੇ ਹਨ ਕਿ ਸ਼ੇਖ਼ੂਪੁਰਾ ਵਿੱਚ ਜੋ ਸ਼ਹੀਦ ਹੋਏ ਖ਼ਲੀਲ ਅਹਮਦ ਸਾਹਬ, ਜੱਦ ਉਹਨਾਂ ਦੀ ਮੈਂ ਆਪਣੇ ਖ਼ੁਤਬੇ ਵਿੱਚ ਚਰਚਾ ਕੀਤੀ ਤਾਂ ਇਕ ਜਾਪਾਨੀ ਮਿੱਤਰ ਜਿੰਨ੍ਹਾ ਦਾ ਛੇ ਮਹੀਨਿ ਤੋਂ ਜਮਾਤ ਨਾਲ ਸੰਬੰਧ ਸੀ ਇਸ ਪੱਖੋਂ ਉਹਨਾਂ ਨੂੰ ਪ੍ਰਚਾਰ ਕਰਿਆ ਕਰਦੇ ਸਨ, ਉਹਨਾਂ ਦਾ ਫ਼ੋਨ ਆਇਆ ਕਿ ਮੈਂ ਅਹਮਦੀ ਹੋਣਾ ਚਾਹੁੰਦਾ ਹਾਂ, ਤਾਂ ਮੈਂ ਉਹਨਾਂ ਨੂੰ ਮਸਜਿਦ ਵਿੱਚ ਬੁਲਾ ਲਿਆ ਅਤੇ ਬੈਅਤ ਦੀ ਕਾਰਵਾਈ ਹੋਈ ਅਤੇ ਉਹਨਾਂ ਨੇ ਇਸ ਸ਼ਹੀਦੀ ਬਾਰੇ ਸੁਣਕੇ ਇਸ ਦੇ ਬਾਦ ਬੈਅਤ ਕੀਤੀ । ਰੱਬ ਦੀ ਮਿਹਰ ਨਾਲ ਮਾਲੀ ਮਕੁਰਬਾਨੀ ਦੀ ਵਿਵਸਥਾ ਵਿੱਚ ਸ਼ਾਮਲ ਹਨ । ਯਾਦਗੀਰ ਦੇ ਅਮੀਰ ਸਾਹਬ ਜ਼ਿਲਾ ਲਿਖਦੇ ਹਨ ਕਿ ਸ਼ਹਿਰ ਯਾਦਗੀਰ ਦੇ ਇਕ ਨੌਜੁਆਨ ਮੰਜੂ ਨਾਥ ਜਿੰਨ੍ਹਾ ਦਾ ਸੰਬੰਧ ਹਿੰਦੂ ਧਰਮ ਨਾਲ ਸੀ, ਉਹ ਬੀ.ਐਸ ਸੀ ਦੀ ਸਿੱਖਿਆ ਪ੍ਰਾਪਤ ਕਰ ਰਹੇ ਸਨ, ਉਹਨਾਂ ਦੇ ਨਾਲ ਹੀ ਸਾਡੇ ਇਕ ਖ਼ਾਦਿਮ ਵੀ ਪੜ੍ਹਾਈ ਕਰ ਰਹੇ ਸਨ । ਇਕ ਦਿਨ ਉਹਨਾਂ ਨੂੰ ਨੋਟਸ ਲਿੱਖਣ ਲਈ ਨੋਟਬੁਕ ਦੀ ਲੋੜ ਪਈ ਤਾਂ ਉਹਨਾਂ ਨੇ ਸਾਡੇ ਖ਼ਾਦਿਮ ਦੀ ਨੋਟਬੁਕ ਲੈ ਲਈ ਜਿਸ'ਤੇ 'ਮਾਨਵਤਾ ਜ਼ਿੰਦਾਬਾਦ ਅਤੇ ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ' ਲਿੱਖਿਆ ਹੋਇਆ ਸੀ । ਇਹ ਪੜ੍ਹਕੇ ਉਹਨਾਂ ਦੇ ਮਨ'ਤੇ ਬਹੁਤ ਪ੍ਰਭਾਵ ਹੋਇਆ ਕਿ ਇਸ ਜੁੱਗ ਵਿੱਚ ਜਿੱਥੇ ਐਨ੍ਹੀ ਅਸ਼ਾਂਤੀ ਫੈਲੀ ਹੋਈ ਹੈ ਇਸ ਤੋਂ ਵਧੇਰੇ ਪਿਆਰਾ ਸੰਦੇਸ਼ ਦੂਜਾ ਹੋਰ ਕੋਈ ਨਹੀਂ ਹੋ ਸਕਦਾ । ਇਸ ਸਾਰੇ ਨੇ ਉਹਨਾਂ ਦੇ ਮਨ ਉਪੱਰ ਬਹੁਤ ਪਿਆਰਾ ਪ੍ਰਭਾਵ ਛੱਡਿਆ ਅਤੇ ਵਧੇਰੇ ਜਾਨਕਾਰੀ ਲਈ ਸਾਡੇ ਖ਼ਾਦਿਮ ਤੋਂ ਅਹਮਦੀਅਤ ਬਾਰੇ ਪੁੱਛ ਗਿੱਛ ਕੀਤੀ, ਉਹਨਾਂ ਨੂੰ ਜਮਾਤੀ ਲਿਟ੍ਰੇਚਰ ਦਿੱਤਾ ਗਿਆ । ਡੂੰਘੇ ਅਧਿਐਨ ਬਾਦ ਉਹਨਾਂ ਨੂੰ ਇਸ ਗੱਲ ਦਾ ਗਿਆਨ ਹੋਇਆ ਕਿ ਜਮਾਤ ਅਹਦੀਆ ਇਕ ਵਿਵਸਥਾਪੂਰਨ ਅਤੇ ਸੱਚੀ ਜਮਾਤ ਹੈ ਜੋ ਅਮਨ ਦੀ ਸਥਪਨਾ ਲਈ ਅਤੇ ਮਾਨਵਤਾ ਦੀ ਸੇਵਾ ਲਈ ਅਤਿਅੰਤ ਜਤਨ ਕਰ ਰਹੀ ਹੈ । ਜਮਾਤ ਬਾਰੇ ਵਾਹਵਾ ਕੁਝ ਜਾਨਣ ਦੇ ਬਾਦ ਉਹਨਾਂ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੋ ਗਈ ਅਤੇ ਮਾਰਚ 2014 ਈ ਵਿੱਚ ਬੈਅਤ ਕਰ ਲਈ । ਸੋ ਅਹਮਦੀਆਂ ਦੇ ਕੇਵਲ ਨਾਰੇ ਹੀ ਨਹੀਂ ਸਗੋਂ ਅਮਲੀ ਹਾਲਤਾਂ ਵੀ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਪ੍ਰਚਾਰ ਦਾ ਸਾਧਨ ਬਣਦੀਆਂ ਹਨ । ਕਈ ਵਾਰ ਮੈਂ ਪਹਿਲਾਂ ਵੀ ਕਹਿ ਚੁਕਿਆਂ ਹਾਂ । ਇਸ ਲਈ ਕੇਵਲ ਆਪਣੀ ਸਿੱਖਿਆਂ ਦਰਸ਼ਾਉਣ ਨਾਲ ਪ੍ਰਭਾਵ ਨਹੀਂ ਹੋਵੇਗਾ ਪਰ ਵਾਸਤਵ ਵਿੱਚ ਜੱਦ ਲੋਕ ਅਮਲ ਵੀ ਦੇਖਣਗੇ ਤਾਂ ਫਿਰ ਹੀ ਧਿਆਨ ਪੈਦਾ ਹੋਵੇਗਾ । ਇਸ ਲਈ ਹਰ ਅਹਮਦੀ ਉਪੱਰ ਬਹੁਤ ਵੱਡੀ ਜ਼ਿੰਮੇਦਾਰੀ ਪੈਂਦੀ ਹੈ ।

ਮਿਸਰ ਦੇ ਇਕ ਮਿੱਤਰ ਮਹਮੂਦ ਸਾਹਬ ਲਿਖੱਦੇ ਹਨ ਕਿ ਰੱਬ ਦੀ ਸਹੁੰ ਰੱਬ ਸਹੁੰ ਆਪ ਲੋਕ ਸਚੱਾਈ ਉਪੱਰ ਹਨ ਕਾਸ਼ ਸਾਰੀ ਦੁਨੀਆ ਆਪ ਦੇ ਮਾਰਗ ਦੀ ਪੈਰ੍ਹਵੀ ਕਰਨ ਲੱਗ ਜਾਵੇ । ਅਲਹਮਦੁਲਿਲੱਾਹ ਕਿ ਸਾਡੇ ਪਿਤਾ ਜੀ ਨੇ ਬੈਅਤ ਕੀਤੀ । ਫਿਰ ਮੇਰੇ ਭਾਈ ਨੇ ਫਿਰ ਮੇਰੀ ਮਾਤਾ ਜੀ ਨੇ ਫਿਰ ਮੈਂ ਵੀ ਅਤੇ ਫਿਰ ਮੇਰੇ ਕਜ਼ਨ ਨੇ ਅਤੇ ਮੇਰੇ ਪਿਤਾ ਜੀ ਦੇ ਕਜ਼ਨ ਵੀ ਬੈਅਤ ਕਰ ਲਈ। ਬਹਿਰਹਾਲ ਇਹ ਉਹਨਾਂ ਅਸੰਖ ਘਟਨਾਵਾਂ ਵਿੱਚ ਕੁਝ ਇਕ ਹਨ, ਜਿੰਨ੍ਹਾ ਨੂੰ ਮੈਂ ਅਧਿਕਤਰ ਆਪਣੀਆਂ ਰਿਪੋਰਟਾਂ ਵਿੱਚ ਦੇਖਦਾ ਹਾਂ ਕਿ ਕਿਵੇਂ ਰੱਬ ਆਪਣੇ ਨਿਸ਼ਾਨ ਦਿਖਾ ਰਿਹਾ ਹੈ ਕਿਵੇਂ ਲੋਕਾਂ ਦੇ ਸੁਪਨਿਆਂ ਰਾਹੀਂ ਮਾਰਗਦਰਸ਼ਨ ਕਰ ਰਿਹਾ ਹੈ । ਕਿਵੇਂ ਵਿਰੋਧੀਆਂ ਦੇ ਵਿਰੋਧ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਵੱਲ ਨੇਕ ਸੁਭਾਵੀ ਲੋਕਾਂ ਦੇ ਦਿਲ ਫੇਰ ਰਿਹਾ ਹੈ । ਕਵੇਂ ਈਸਾਈ ਪਾਦਰੀ ਵੀ ਇਸਲਾਮ ਦੀ ਸਚੱਾਈ ਦਾ ਸਮਰਥਨ ਕਰ ਰਹੇ ਹਨ । ਕਿਵੇਂ ਗਿਆਨ ਤੇ ਮਆਰਫ਼ਤ ਵਿੱਚ ਮਸੀਹ ਮਊਦ ਨੂੰ ਮੰਨ ਕੇ ਲੋਕ ਤਰੱਕੀ ਕਰ ਰਾਹੇ ਹਨ । ਕਿਵੇਂ ਆਪਣੀਆਂ ਹਾਲਤਾਂ ਦੇ ਦੇ ਸੁਧਾਰ ਵੱਲ ਧਿਆਨ ਪੈਦਾ ਹੋ ਰਿਹਾ ਹੈ । ਸੋ, ਕੀ ਇਹ ਸਭ ਕੁਝ ਮਨੁੱਖੀ ਜਤਨਾਂ ਦਾ ਸਿੱਟਾ ਹਨ । ਨਹੀਂ ਸਗੋਂ ਨਿਸ਼ਚੇ ਹੀ ਇਹ ਗੱਲਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦੇ ਹੱਕ ਵਿੱਚ ਰੱਬ ਦਾ ਸਮਰਥਨ ਤੇ ਸਹਾਇਤਾ ਦਾ ਪਤਾ ਦਿੰਦੀ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦਾ ਪ੍ਰਮਾਣ ਹਨ। ਇਸ ਲਈ ਸਾਨੂੰ ਨਵੇਂ ਆਉਣ ਵਾਲਿਆਂ ਦੇ ਹਾਲਾਤ ਸੁਣ ਕੇ ਜਿੱਥੇ ਆਪਣੇ ਅਤੇ ਉਹਨਾਂ ਦੇ ਈਮਾਨ ਦੀ ਤਰੱਕੀ ਲਈ ਦੁਆ ਕਰਨੀ

ਚਾਹੀਦੀ ਹੈ ਓਥੇ ਮੁਸਲਿਮ ਉਮੱਤ ਲਈ ਵੀ ਦੁਆ ਕਰਨੀ ਚਾਹੀਦੀ ਹੈ ਕਿ ਰੱਬ ਉਹਨਾਂ ਨੂੰ ਸੋਝੀ ਪ੍ਰਦਾਨ ਕਰੇ ਅਤੇ ਇਹ ਜ਼ਮਾਨੇ ਦੇ ਇਮਾਮ ਨੂੰ ਮੰਨ ਕੇ ਆਪਣੀ ਦੁਨੀਆ ਤੇ ਆਖ਼ਰਤ ਨੂੰ ਸੁਆਰਣ ਵਾਲੇ ਬਣ ਸਕਣ । ਇਸ ਸਮੇਂ ਮੁਸਲਿਮ ਦੁਨੀਆ ਦੀ ਹਾਲਤ ਰਹਿਮ ਯੋਗ ਹੈ । ਲੀਡਰ ਜਨਤਾ ਉਪੱਰ ਅਤਿਆਚਾਰ ਕਰ ਰਹੇ ਹਨ । ਜਨਤਾ ਨਿਆਏ ਅਤੇ ਮਾਰਗਦਰਸ਼ਨ ਨ ਮਿਲਣ ਕਰਕੇ ਲੀਡਰਾਂ ਦੇ ਵਿਰੁਧ ਲੜ ਰਹੀ ਹੈ । ਹਰ ਮੁਫ਼ਾਦ ਪਰਸਤ ਲੀਡਰ ਬਣ ਕੇ ਆਪਣਾ ਦਲ ਬਣਾਈ ਬੈਠਾ ਹੈ । ਵੱਖ ਵੱਖ ਫਿਰਕੇ ਇਕ ਦੂਜੇ ਦੇ ਗੱਲ੍ਹ ਵਢੱਣ ਦੇ ਜਤਨਾ ਵਿੱਚ ਲਗੱਾ ਹੋਇਆ ਹੈ । ਇਹ ਵੀ ਨਹੀਂ ਸੋਚਦੇ ਕਿ ਕਿਉਂ ਰੱਬ ਦੇ ਇਸ ਅੰਤਮ ਨਬੀ ਦੇ ਮੰਨਣ ਵਾਲਿਆਂ ਵਿੱਚ ਐਨ੍ਹਾ ਮਤਿਭੇਤ ਤੇ ਫ਼ਸਾਦ ਹੈ । ਕਿਉ ਪ੍ਰਗਤੀ ਦੀਆਂ ਮੰਜ਼ਲਾਂ'ਤੇ ਪਹੁੰਚ ਕੇ ਪਤਨਾਂ ਦੀਆਂ ਡੂੰਘਿਆਈਆਂ ਵਿੱਚ ਲਗਭਗ ਸਾਰੇ ਮੁਸਲਿਮ ਦੇਸ਼ ਡਿੱਗ ਰਹੇ ਹਨ । ਇਸ ਪਤਨ ਤੋਂ ਬਚਣ ਦਾ ਅਤੇ ਤਰੱਕੀ ਦੀ ਮੰਜ਼ਲ ਉਪੱਰ ਮੁੜ ਚਲੱਣ ਦਾ ਕੇਵਲ ਇਕ ਹੀ ਸਾਧਨ ਹੈ ਅਤੇ ਉਹ ਇਹ ਹੈ ਜੋ ਰੱਬ ਨੇ ਦੱਸਿਆ ਹੈ ਕਿ ਇਸ ਮਸੀਹ ਮਊਦ ਨੂੰ ਮੰਨੋ ਜਿਸ ਨੇ ਆਖ਼ਰੀਨ (ਅਖੀਰ ਵਾਲਿਆਂ ਨੂੰ) ਪਹਿਲੇ ਵਾਲਿਆ ਨਾਲ ਮਿਲਾਉਣਾ ਹੈ । ਫ਼ਿਰਕਾ ਬੰਦੀਆਂ (ਧੜੇ ਬੰਦੀਆਂ) ਦੀ ਥਾਂ ਇਕ ਉਮੱਤ ਬਣ ਕੇ ਮਸੀਹ ਮਊਦ ਅਲੈਹਿ ਸਲਾਮ ਦੇ ਹੱਥਾਂ ਉਪੱਰ ਇਕਤੱਰ ਹੋ ਜਾਓ । ਰੱਬ ਸਨੂੰ ਇਹ ਸੰਜੋਗ ਪ੍ਰਦਾਨ ਕਰੇ । ਇਸ ਦੇ ਲਈ ਸਾਨੂੰ ਬਹੁਤ ਦੁਆਵਾਂ ਕਰਨੀਆਂ ਚਾਹੀਦੀਆਂ ਹਨ । ਰੱਬ ਸਾਨੂੰ ਵੀ ਦੁਆਵਾਂ ਦਾ ਸੰਜੋਗ ਪ੍ਰਦਾਨ ਕਰੇ ਅਤੇ ਉਹਨਾ ਨੂੰ ਕੁਬੂਲ ਵੀ ਕਰੇ ।

ਜੁੱਮਏ ਦੇ ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਇਕ ਹਾਜ਼ਰ ਜਨਾਜ਼ੇ ਅਤੇ ਇਕ ਗ਼ਾਇਬ ਜਨਾਜ਼ੇ ਦਾ ਐਲਾਨ ਕੀਤਾ । ਜੋ ਹਾਜ਼ਰ ਜਨਾਜ਼ਾਹ ਹੈ ਉਹ ਮੁਕਰੱਮ ਇੰਤਿਸਾਰ ਅਹਮਦ ਅਯੱਾਜ਼ ਸਾਹਬ ਸਪੁਤੱਰ ਡਾਕਟਰ ਇਫ਼ਤਿਖ਼ਾਰ ਅਹਮਦ ਅਯੱਾਜ਼ ਸਾਹਬ ਦਾ ਹੈ । ਜਿੰਨ੍ਹਾ ਦੀ 50 ਸਾਲ ਦੀ ਉਮਰ ਵਿੱਚ 28 ਮਾਰਚ 2015 ਈ. ਨੂੰ ਮੌਤ ਹੋ ਗਈ ਹੈ । ਹਜ਼ੂਰ ਅਨਵਰ ਨੇ ਉਹਨਾ ਦੇ ਸਦਗੁਣਾ ਅਤੇ ਸੇਵਾਵਾਂ ਦੀ ਚਰਚਾ ਕੀਤੀ । ਸਵਰਗਵਾਸੀ ਮੌਲਾਨਾ ਅਤਾਉਲ ਮੁਜੀਬ ਸਾਹਬ ਰਾਸ਼ਿਦ ਦੇ ਭਾਂਜੇ ਸਨ । ਜੋ ਜਨਾਜ਼ਾਹ ਗ਼ਾਇਬ ਹੈ ਉਹ ਮੁਕਰੱਮ ਵਸੀਮ ਅਹਮਦ ਸਾਹਬ ਵਿਦਿਆਰਥੀ ਜਾਮਿਆ ਅਹਮਦੀਆ ਕਾਦੀਆਂ ਦਾ ਹੈ ਜੋ 25 ਮਾਰਚ 2015 ਈ. ਨੂੰ ਬਿਆਸ ਦਰਿਆ ਵਿੱਚ ਡੁੱਬ ਕੇ ਫ਼ੌਤ ਹੋ ਗਏ ਸਨ । ਉਹਨਾਂ ਦੀ ਉਮਰ 20 ਸਾਲ ਸੀ । 4 ਦਿਨਾਂ ਮਗਰੋਂ ਲੋਥ ਬਰਾਮਦ ਹੋਈ । ਕਨੂਨੀ ਕਾਰਵਾਵੀ ਦੇ ਬਾਦ ਬਹਿਸ਼ਤੀ ਮਕਬਰਾ ਕਾਦੀਆਂ ਵਿੱਚ ਦਫ਼ਨ ਦੀ ਕ੍ਰਿਆ ਅਮਲ ਵਿੱਚ ਆਈ ।

ਹਜ਼ੂਰ ਅਨਵਰ ਨੇ ਦੋਵੇਂ ਮਰਹੂਮੀਨ ਦੀ ਬਖਸ਼ਿਸ ਅਤੇ ਬੁਲੰਦ ਦਰਜਿਆਂ ਲਈ ਅਤੇ ਪਿੱਛੇ ਰਿਹਿੰਦੇ ਸਾਕਾ ਸੰਬੰਧੀਆਂ ਨੂੰ ਸਬਰ ਪ੍ਰਾਪਤ ਹੋਣ ਲਈ ਦੁਆ ਕੀਤੀ । ਜੁੱਮਏ ਦੇ ਬਾਦ ਜਨਾਜ਼ਾਹ ਪੜ੍ਹਾਉਣ ਦਾ ਐਲਾਨ ਕੀਤਾ ।


**Khulasa Khutba 03.04.2015**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi desk

From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131